# SGAD COLLEGE, KHADUR SAHIB

&

# JAGAT PUNJABI SABHA CANADA

ਸੱਚ ਸਭ ਤੋਂ ਪਹਿਲਾਂ
ਪ੍ਰਾਈਮ ਉਦੇ
e-mail: primeudaynews@gmail.com
Prime Uday
RNI NO.PUNBIL/2019/78306

# ਜਗਤ ਪੰਜਾਬੀ ਸਭਾ ਕਨੇਡਾ ਵੱਲੋਂ ਸ੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ ਦੇ ਸਹਿਯੋਗ ਨਾਲ ਇੱਕ ਰੋਜ਼ਾ ਅੰਤਰਰਾਸ਼ਟਰੀ ਸੈਮੀਨਾਰ ਦਾ ਆਯੋਜਨ ਕੀਤਾ ਗਿਆ




ਪ੍ਰਾਈਮ ਉਦੇ

ਖਡੂਰ ਸਾਹਿਬ 19 ਫਰਵਰੀ ( ਜੀ ਖਾਲਸਾ, ਗਿੱਲ ) ਬਾਬਾ ਉੱਤਮ ਸਿੰਘ ਜੀ ਵੱਲੋਂ ਸਥਾਪਿਤ ਅਤੇ ਬਾਬਾ ਸੇਵਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਚੱਲ ਰਹੇ ਸ੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ ਵਿਖੇ 'ਜਗਤ ਪੰਜਾਬੀ ਸਭਾ ਕਨੇਡਾ' ਵੱਲੋਂ ਪੰਜਾਬੀ ਭਾਸ਼ਾ:ਸਮਕਾਲੀ ਚੁਣੌਤੀਆਂ ਤੇ ਸੰਭਾਵਨਾਵਾਂ ਵਿਸ਼ੇ ਉੱਪਰ ਇੱਕ ਰੋਜ਼ਾ ਅੰਤਰਰਾਸ਼ਟਰੀ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਇਸ ਸੈਮੀਨਾਰ ਦਾ ਸ਼ੁਰੂਆਤ ਸ਼ਬਦ ਗਾਇਨ ਦੁਆਰਾ ਕੀਤੀ ਗਈ। ਕਾਲਜ ਪ੍ਰਿੰਸੀਪਲ ਡਾ.ਬਲਵੰਤ ਸਿੰਘ ਸੰਧੂ ਨੇ ਆਏ ਹੋਏ ਮੁੱਖ ਮਹਿਮਾਨ,ਸਮੁੱਚੀ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ ਅਤੇ ਜਗਤ ਪੰਜਾਬੀ ਸਭਾ ਦੇ ਸਮੁੱਚੇ ਮੈਂਬਰ ਸਾਹਿਬਾਨ ਨੂੰ ਜੀ ਆਇਆਂ ਆਖਿਆ ਅਤੇ ਕਿਹਾ ਕਿ ਵਿਸ਼ਵੀਕਰਨ ਦੇ ਦੌਰ ਅੰਦਰ ਪੰਜਾਬੀ ਭਾਸ਼ਾ ਦੇ ਪ੍ਰਤੀ ਕੁੱਝ ਨਕਾਰਾਤਮਕ ਰਵੱਈਆ ਅਪਣਾਇਆ ਜਾ ਰਿਹਾ ਪਰ ਕੋਈ ਵੀ ਭਾਸ਼ਾ ਆਪਣੇ ਇਤਿਹਾਸਕ ਕਾਰਨਾਂ ਕਰਕੇ ਜਿੰਦਾ ਹੁੰਦੀ ਹੈ। ਇਸ ਲਈ ਇਸ ਸੈਮੀਨਾਰ ਦੁਆਰਾ ਪੰਜਾਬੀ ਭਾਸ਼ਾ ਦੀ ਸਦਾ ਚੜ੍ਹਦੀ ਕਲਾ ਵਿੱਚ ਰਹਿਣ ਦੀ ਆਸ ਪ੍ਰਗਟਾਈ ਜਾ ਸਕਦੀ ਹੈ।ਇਸ ਸੈਮੀਨਾਰ ਵਿੱਚ ਮੁੱਖ ਮਹਿਮਾਨ ਵਜੋਂ ਐਡਵੋਕੇਟ ਸ.ਹਰਜਿੰਦਰ ਸਿੰਘ ਧਾਮੀ(ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਉਨ੍ਹਾਂ ਆਪਣੇ ਭਾਸ਼ਣ ਵਿੱਚ ਕਿਹਾ ਕਿ ਪੰਜਾਬੀ ਭਾਸ਼ਾ ਦੀ ਬਿਹਤਰੀ ਲਈ ਸਾਨੂੰ ਸਭ ਨੂੰ ਰਲ ਮਿਲ ਕੇ ਸਾਂਝੇ ਰੂਪ ਵਿੱਚ ਯਤਨ ਕਰਨੇ ਚਾਹੀਦੇ ਹਨ। ਸਾਨੂੰ ਆਪਣੀ ਨੌਜਵਾਨ ਪੀੜ੍ਹੀ ਨੂੰ ਗੁਰਮੁਖੀ ਭਾਸ਼ਾ ਦੀ ਮਹੱਤਤਾ ਦੱਸਦੇ ਹੋਏ ਸਿੱਖ ਇਤਿਹਾਸ ਨਾਲ ਜੋੜਨਾ ਚਾਹੀਦਾ ਹੈ ਤਾਂ ਹੀ ਪੰਜਾਬੀ ਭਾਸ਼ਾ ਨੂੰ ਭਵਿੱਖਤ ਚੁਣੌਤੀਆਂ ਤੋਂ ਬਚਾਇਆ ਜਾ ਸਕਦਾ ਹੈ। ਇਸ ਸੈਮੀਨਾਰ ਦੇ ਦੋ ਅਕਾਦਮਿਕ ਸੈਸ਼ਨ ਰੱਖੇ ਗਏ। ਜਿਸ ਦੇ ਪਹਿਲੇ ਸੈਸ਼ਨ ਵਿੱਚ ਡਾ.ਨਰਿੰਦਰਜੀਤ ਕੌਰ, ਪ੍ਰਿੰਸੀਪਲ ਹਰਕੀਰਤ ਕੌਰ, ਪ੍ਰੋ.ਬਲਵਿੰਦਰ ਕੌਰ,ਡਾ.ਸੁਮਨ ਭਡਵਾਲ,ਰੀਟਾ ਜੋਸ਼ਨ, ਵਰਿੰਦਰ ਕੌਰ ਰੰਧਾਵਾ (ਯੂ.ਐੱਸ. ਏ) ਡਾ.ਮਨਿੰਦਰਜੀਤ ਕੌਰ ਮੁਕੇਰੀਆ ਆਦਿ ਨੇ ਪੰਜਾਬੀ ਭਾਸ਼ਾ ਦੀ ਸਮਕਾਲੀ ਸਥਿਤੀ ਅਤੇ ਭਵਿੱਖ ਵਿੱਚ ਆਉਣ ਵਾਲੀਆਂ ਮੁਸ਼ਕਿਲਾਂ ਦੇ ਪ੍ਰਤੀ ਗੰਭੀਰ ਨੁਕਤਿਆਂ ਨੂੰ ਆਪਣੇ ਖੋਜ-ਪੱਤਰਾਂ ਦੇ ਰਾਹੀ ਸਾਂਝਾ ਕੀਤਾ। ਇਸ ਸੈਸ਼ਨ ਵਿੱਚ ਸਟੇਜ ਸਕੱਤਰ ਦੀ ਭੂਮਿਕਾ ਡਾ.ਸੰਤੋਖ ਸਿੰਘ ਸੰਧੂ ਨੇ ਨਿਭਾਈ। ਇਸੇ ਤਰ੍ਹਾਂ ਦੂਸਰੇ ਸੈਸ਼ਨ ਵਿੱਚ ਡਾ.ਮਨਪ੍ਰੀਤ ਕੌਰ, ਸ.ਕੁਲਵਿੰਦਰ ਸਿੰਘ ਧਿਆੜਾ, ਡਾ.ਗੁਰਪ੍ਰੀਤ ਕੌਰ, ਡਾ.ਗੁਰਵਿੰਦਰ ਸਿੰਘ, ਡਾ.ਪਰਮਜੀਤ ਸਿੰਘ, ਡਾ.ਸਤਿੰਦਰ ਕੌਰ, ਪ੍ਰੋ. ਗਗਨਦੀਪ ਕੌਰ ਆਦਿ ਨੇ ਵਿਸ਼ਵੀਕਰਨ ਦੇ ਸੰਦਰਭ ਵਿੱਚ ਪੰਜਾਬੀ ਭਾਸ਼ਾ ਨਾਲ ਜੁੜੀਆਂ ਸਮੱਸਿਆਵਾਂ ਅਤੇ ਭਵਿੱਖ ਵਿੱਚ ਇਸ ਦੇ ਸਕਰਾਤਮਕ ਪੱਖਾਂ ਬਾਰੇ ਆਲੋਚਨਾਤਮਕ ਟਿੱਪਣੀਆਂ ਨੂੰ ਪੇਸ਼ ਕੀਤਾ। ਇਸ ਸੈਸ਼ਨ ਵਿੱਚ ਸ.ਸਰਦੂਲ ਸਿੰਘ ਥਿਆੜਾ ਨੇ ਮੰਚ ਸੰਚਾਲਨ ਦੀ ਭੂਮਿਕਾ ਨਿਭਾਈ। ਬਾਬਾ ਸੇਵਾ ਸਿੰਘ ਜੀ ਮੁਖੀ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਸ.ਅਜੈਬ ਸਿੰਘ ਚੱਠਾ, ਚੇਅਰਮੈਨ (ਜਗਤ ਪੰਜਾਬੀ ਸਭਾ), ਸ.ਸਰਦੂਲ ਸਿੰਘ ਥਿਆੜਾ, (ਪ੍ਰਧਾਨ), ਸ.ਸੰਤੋਖ ਸਿੰਘ ਸੰਧੂ (ਸੱਕਤਰ) ਵਰਿੰਦਰ ਕੌਰ ਰੰਧਾਵਾ (ਯੂ.ਐੱਸ.ਏ) ਪ੍ਰਿੰਸੀਪਲ ਹਰਕੀਤ ਕੌਰ ਆਦਿ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਤੋਂ ਇਲਾਵਾ ਦੋਵੇਂ ਅਕਾਦਮਿਕ ਸੈਸ਼ਨਾਂ ਵਿੱਚ ਖੋਜ-ਪੱਤਰ ਪੇਸ਼ ਕਰਨ ਵਾਲੇ ਬੁਲਾਰਿਆਂ ਦਾ ਵੀ ਸਨਮਾਨ ਕੀਤਾ ਗਿਆ।ਇਸ ਮੌਕੇ ਬਾਬਾ ਗੁਰਪ੍ਰੀਤ ਸਿੰਘ ਜੀ (ਵਾਇਸ ਪ੍ਰੈਜੀਡੈਂਟ) ਸ.ਹਰਨੰਦਨ ਸਿੰਘ ਜੀ (ਜਨਰਲ ਸਕੱਤਰ) ਬਾਬਾ ਬਲਦੇਵ ਸਿੰਘ ਜੀ, ਪ੍ਰਿੰਸੀਪਲ ਭਾਈ ਵਰਿਆਮ ਸਿੰਘ ਜੀ, ਪ੍ਰਿੰਸੀਪਲ ਸਿਮਰਪ੍ਰੀਤ ਕੌਰ, ਕਮੇਟੀ ਮੈਂਬਰ ਸਾਹਿਬਾਨ, ਡਾ. ਕੰਵਲਜੀਤ ਸਿੰਘ, ਪ੍ਰੋ.ਮੇਜਰ ਸਿੰਘ, ਡਾ.ਜਤਿੰਦਰ ਕੌਰ, ਪ੍ਰੋ.ਮਨਪ੍ਰੀਤ ਕੌਰ, ਡਾ.ਸੁਖਬੀਰ ਕੌਰ, ਹੋਰ ਪ੍ਰੋਫੈਸਰ ਸਾਹਿਬਾਨ ਅਤੇ ਸਮੂਹ ਵਿਦਿਆਰਥੀ ਹਾਜ਼ਰ ਸਨ।

# SGAD COLLEGE, KHADUR SAHIB

**&**

# RED ARTS PUNJAB THEATRE GROUP,AMRITSAR

( ਅਕਾਲੀ ਪੱਤ੍ਰਕਾ ) Jaland

# ਸ੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ ਦੇ ਸਮਾਜ ਸ਼ਾਸਤਰ ਵਿਭਾਗ ਵੱਲੋਂ ਨੁੱਕੜ ਨਾਟਕ ਦਾ ਆਯੋਜਿਨ ਕੀਤਾ ਗਿਆ

ਖਡੂਰ ਸਾਹਿਬ,2 ਮਾਰਚ(ਹਰਪਾਲ ਸਿੰਘ ਕੰਗ,ਗੁਲਸ਼ੇਰ ਸਿੰਘ ਸੰਧੂ)-ਬਾਬਾ ਉੱਤਮ ਸਿੰਘ ਜੀ ਵੱਲੋਂ ਸਥਾਪਿਤ ਅਤੇ ਬਾਬਾ ਸੇਵਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਚੱਲ ਰਹੇ ਸ੍ਰੀ ਗੁਰੂ ਅੰਗਦ ਦੇਵ ਕਾਲਜ,ਖਡੂਰ ਸਾਹਿਬ ਦੇ ਸਮਾਜ ਸ਼ਾਸਤਰ ਵਿਭਾਗ ਵੱਲੋ ਕਾਲਜ ਦੇ ਐਡੀਟੋਰੀਅਲ ਹਾਲ



ਵਿੱਚ ਇੱਕ 'ਨੁੱਕੜ ਨਾਟਕ' ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ "ਰੈੱਡ ਆਰਟਸ ਥਿਏਟਰ ਗਰੁੱਪ ਅੰਮ੍ਰਿਤਸਰ" ਵੱਲੋਂ ਨੁੱਕੜ ਨਾਟਕ ਦੀ ਪੇਸ਼ਕਸ਼ ਕੀਤੀ ਗਈ। ਜਿਸ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦੁਰਵਰਤੋਂ ਕਰਨ ਪ੍ਰਤੀ ਜਾਗਰੂਕ ਕਰਨਾ ਸੀ। ਇਸ ਨਾਟਕ ਦੀ ਪੇਸ਼ਕਸ਼ ਲਈ ਜਿਹੜੀਆਂ ਜੁਗਤਾਂ,ਤਕਨੀਕਾਂ ਦੀ ਵਰਤੋਂ ਕੀਤੀ ਗਈ। ਉਸ ਵਿੱਚ ਭਾਵੇਂ ਹਾਸ ਰਸ ਦੀ ਭਰਪੂਰਤਾ ਸੀ ਪਰ ਇਸ ਦੇ ਅਰਥ ਗੰਭੀਰ ਨੁਕਤਿਆਂ ਵੱਲ ਸੰਕੇਤ ਕਰ ਰਹੇ ਸੀ। ਜਿਸ ਦਾ ਸਮੂਹ ਵਿਦਿਆਰਥੀਆਂ ਨੇ ਮਨੋਰੰਜਨ ਦੇ ਨਾਲ-ਨਾਲ ਭਰਪੂਰ ਲਾਭ ਵੀ ਉਠਾਇਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ.ਬਲਵੰਤ ਸਿੰਘ ਸੰਧੂ ਨੇ ਸਮਾਜ ਸ਼ਾਸਤਰ ਵਿਭਾਗ ਦੇ ਮੁਖੀ ਪ੍ਰੋ.ਰਵਿੰਦਰ ਕੌਰ ਅਤੇ "ਰੈੱਡ ਆਰਟਸ ਥਿਏਟਰ ਗਰੁੱਪ ਅੰਮ੍ਰਿਤਸਰ" ਦੀ ਸਮੁੱਚੀ ਟੀਮ ਦਾ ਇਸ ਸ਼ਲਾਘਾਯੋਗ ਕਾਰਜ ਨੂੰ ਆਯੋਜਨ ਕਰਨ ਤੇ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਸੰਬੋਧਨ ਕਰਦਿਆ ਕਿਹਾ ਕਿ ਅੱਜ ਨੌਜਵਾਨ ਪੀੜ੍ਹੀ ਅੰਦਰ ਨਸ਼ਿਆਂ ਦਾ ਰੁਝਾਨ ਦਿਨ-ਬ-ਦਿਨ ਵੱਧਦਾ ਜਾ ਰਿਹਾ ਹੈ। ਜਿਸ ਦੇ ਫਲਸਰੂਪ ਉਹ ਆਪਣੀ ਵੱਡਮੁੱਲੀ ਜ਼ਿੰਦਗੀ ਨੂੰ ਕੁਰਾਹੇ ਪਾਉਂਦੀ ਹੋਈ ਨਸ਼ਿਆਂ ਦੀ ਖਾਈ ਵੱਲ ਧਕੇਲਦੀ ਜਾ ਰਹੀ ਹੈ। ਸਾਨੂੰ ਇਹਨਾਂ ਆਲਮਤਾਵਾਂ ਤੋਂ ਬੱਚਦੇ ਹੋਏ ਆਪਣੀ ਜ਼ਿੰਦਗੀ ਨੂੰ ਸਮਾਜ ਦੇ ਉਸਾਰੂ ਕਾਰਜਾਂ ਵੱਲ ਲਗਾਉਂਣਾ ਚਾਹੀਦਾ ਹੈ। ਇਸ ਸਮੇਂ ਡਾ.ਕੰਵਲਜੀਤ ਸਿੰਘ,ਪ੍ਰੋ.ਰੋਹਿਤ ਸ਼ਰਮਾ,ਡਾ.ਜਤਿੰਦਰ ਸਿੰਘ,ਡਾ.ਰਮਨਦੀਪ ਕੌਰ, ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।





# SGAD COLLEGE, KHADUR SAHIB

**&**

# HANS RAJ TUBES PVT. LTD. VILLAGE MANDIALA




ASIAN CRANES
5 TON

# SGAD COLLEGE, KHADUR SAHIB

## &

# SATKARTAR CARRER DEVELOPMENT INSITITUTE , FATHEBAD

# ਸ੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ ਵੱਲੋਂ ਸਤਿਕਰਤਾਰ ਕੰਪਿਊਟਰ ਸੈਂਟਰ ਫਤਿਆਬਾਦ ਵਿੱਖੇ ਕੰਪਿਊਟਰ ਖੇਤਰ ਵਿੱਚ ਸੁਨਿਹਰੀ ਭਵਿੱਖ ਬਾਰੇ ਸੈਮੀਨਾਰ

ਮਿਸ਼ਨ ਪੰਜਾਬ
ਸੁਖਵਿੰਦਰ ਸਹੋਤਾ

ਤਰਨਤਾਰਨ 24 ਅਪਰੈਲ ਸ੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ ਵੱਲੋਂ ਸਤਿਕਰਤਾਰ ਕੈਰੀਅਰ ਡਿਵੈਲਪਮੈਂਟ ਇਸਟੀਚਿਊਟ ਵਿੱਖੇ ਕੰਪਿਊਟਰ ਖੇਤਰ ਵਿੱਚ ਸੁਨਿਹਰੀ ਭਵਿੱਖ ਸਬੰਧੀ ਬੀਤੇ ਦਿਨੀਂ ਸੈਮੀਨਾਰ ਕਰਵਾਇਆ ਗਿਆ, ਕਾਲਜ ਦੇ ਪ੍ਰਿੰਸੀਪਲ ਡਾਕਟਰ ਬਲਵੰਤ ਸਿੰਘ ਸੰਧੂ ਅਤੇ ਕੰਪਿਊਟਰ ਡਿਪਾਰਟਮੈਂਟ ਦੇ ਮੁਖੀ ਪ੍ਰੋਫੈਸਰ ਰੋਹਿਤ ਸ਼ਰਮਾ ਵੱਲੋਂ ਇਸ ਸੰਸਥਾ ਦੇ ਨਾਲ ਫਰਵਰੀ 2024 ਵਿੱਚ ਐਮਓਯੂ ਸਾਈਨ ਕੀਤਾ ਗਿਆ ਸੀ। ਜਿਸ ਵਿੱਚ ਦੋਨਾਂ ਸੰਸਥਾਵਾਂ ਵਿਚ ਕੰਪਿਊਟਰ ਜਾਗਰੂਕਤਾ ਅਤੇ ਭਵਿੱਖ ਵਿੱਚ ਇਸਦਾ ਸਦਉਪਯੋਗ ਕਰਨ ਸਬੰਧੀ ਸੈਮੀਨਾਰ ਕਰਵਾਉਣ ਆਦਿ ਵਿਸ਼ਿਆਂ ਨੂੰ ਤਰਜੀਹ ਦਿੱਤੀ ਜਾਵੇਗੀ । ਇਸੇ ਸਬੰਧੀ ਪ੍ਰੋ . ਰੋਹਿਤ ਸ਼ਰਮਾ ਮੁੱਖੀ ਕੰਪਿਊਟਰ ਵਿਭਾਗ ਨੇ ਇੱਥੇ ਸੈਮੀਨਾਰ ਦੌਰਾਨ ਵਿਦਿਆਰਥੀਆਂ ਨੂੰ ਅਜੋਕੇ ਸਮੇ ਵਿਚ ਕੰਪਿਊਟਰ ਵਿਦਿਆ ਦੀ ਮਹੱਤਤਾ ਸਬੰਧੀ ਜਾਣਕਾਰੀ ਦਿੰਦਿਆਂ ਹੋਇਆ ਉਨ੍ਹਾਂ ਨੂੰ ਕੰਪਿਊਟਰ ਦੇ ਖੇਤਰ ਵਿੱਚ ਮੁਹਾਰਤ ਹਾਸਲ ਕਰਨ ਦੀ ਵੱਖ ਵੱਖ ਪਹਿਲੂਆਂ ਤੋਂ ਭਰਪੂਰ ਜਾਣਕਾਰੀ ਦਿੱਤੀ। ਇਸ ਮੌਕੇ ਸਤਿਕਰਤਾਰ



ਕੈਰੀਅਰ ਡਿਵੈਲਪਮੈਂਟ ਇਸਟੀਚਿਊਟ ਦੇ ਚੇਅਰਮੈਨ ਡਾ. ਨਵਤੇਜ ਸਿੰਘ ਪਵਾਰ ਅਤੇ ਸੇਵਾ ਮੁਕਤ ਪ੍ਰਿੰਸੀਪਲ ਸ਼੍ਰੀਮਤੀ ਹਰਜੀਤ ਕੌਰ ਪਵਾਰ ਨੇ ਪ੍ਰੋ. ਰੋਹਿਤ ਸ਼ਰਮਾ ਅਤੇ ਅਸਿਸਟੈਂਟ ਪ੍ਰੋ. ਲਵਪ੍ਰੀਤ ਸਿੰਘ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ । ਇਸ ਮੌਕੇ ਸੰਸਥਾ ਦੇ ਡਾਇਰੈਕਟਰ ਮੈਡਮ ਸ਼੍ਰੀਮਤੀ ਹਰਜੀਤ ਕੌਰ ਪਵਾਰ ਨੇ ਸੰਸਥਾ ਵਿੱਚ ਚੱਲ ਰਹੇ ਕੋਰਸਾਂ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਹੋਇਆਂ ਕਿਹਾ ਕਿ ਇਸ ਸੰਸਥਾ ਵਿੱਚ ਕੰਪਿਊਟਰ ਦੇ ਵੱਖ ਵੱਖ ਕੋਰਸ ਕਰਕੇ ਲੜਕੇ ਲੜਕੀਆਂ ਦੇਸ਼ ਅਤੇ ਵਿਦੇਸ਼ ਵਿੱਚ ਰੁਜਗਾਰ ਪ੍ਰਾਪਤ ਕਰਕੇ ਆਪਣਾ ਸੁਖਦਾਈ ਜੀਵਨ ਬਤੀਤ ਕਰ ਰਹੇ ਹਨ। ਇਸ ਮੌਕੇ ਸੰਸਥਾ ਦੇ ਚੇਅਰਮੈਨ ਡਾ. ਨਵਤੇਜ ਸਿੰਘ ਪਵਾਰ ਨੇ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਜੋਕੇ ਸਮਾਜ ਵਿੱਚ ਲੜਕੀਆਂ ਨੂੰ ਕੰਪਿਊਟਰ ਵਿਦਿਆ ਪ੍ਰਾਪਤ ਕਰਕੇ ਸਮੇ ਦੇ ਹਾਣੀ ਬਣਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਸਤਿਕਰਤਾਰ ਕਰਿਅਰ ਡਿਵੈਲਪਮੈਂਟ ਇਸਟੀਚਿਊਟ ਆਪਣੀਆਂ ਨਿਰਵਿਘਨ ਸੇਵਾਵਾਂ ਦੇਣ ਲਈ ਵਚਨਬੱਧਤਾ ਨਾਲ ਯਤਨਸ਼ੀਲ ਹੈ। ਇਸ ਮੌਕੇ ਸੇਵਾਮੁਕਤ ਪ੍ਰਿੰਸੀਪਲ ਮੈਡਮ ਹਰਜੀਤ ਕੌਰ ਪਵਾਰ ਨੇ ਸੈਮੀਨਾਰ ਵਿੱਚ ਸ਼ਾਮਿਲ ਹੋਣ ਵਾਲੇ ਅਧਿਆਪਕ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸ ? ਅਵਤਾਰ ਸਿੰਘ ਰੂਬਨਪ੍ਰੀਤ ਕੌਰ, ਗਗਨਦੀਪ ਸਿੰਘ ਅਤੇ ਸੁਖਜਿੰਦਰ ਸਿੰਘ ਨੇ ਆਪਣੀਆਂ ਸੇਵਾਵਾਂ ਦੇ ਕੇ ਇਸ ਸੈਮੀਨਾਰ ਨੂੰ ਯਾਦਗਾਰੀ ਬਣਾਇਆ।


SATKARTAR CAREER DEVELOPMENT INSTITUTE
ADMISSION OPEN
Computer Courses
TALLY
Networking
Linux
Python, SQL
120 HOURS COMPUTER COURSE FOR GOVT. JOB
Contact: +91-82640-64402 +91-98159-66402
Address: Near Satkartar Hospital, Fatehabad
Director Mrs. Harjit Kaur Pawar
MoU
Seminar as per the MoU signed between Satkartar Career Development Institute Fatehabad and SGAD College Khadur Sahib for exchange the Faculty and deliver informative lectures in both Institutions.
GPS Map Camera
Tarn Taran, Punjab, India
93PR+9J4, Tarn Taran - Kapurthala Rd, Punjab 143407, India
Lat 31.386026°
Long 75.091602°
11/04/24 10:58 AM GMT +05:30
Google


MoU
the MoU signed between
Development Institute,
College Khadur Sahib
the Faculty and deliver
lectures in both
3159-66402
Welcome